ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 21 ਫਰਵਰੀ, 1999

ਵਿਚਾਰ-ਚਰਚਾ — ਗੁਰਸ਼ਰਨ ਸਿੰਘ

# ਧਰਮ ਤੇ ਧਰਮ-ਆਧਾਰਤ ਸਿਆਸਤ

ਧਰਮ ਅਤੇ ਧਰਮ ਆਧਾਰਤ ਸਿਆਸਤ ਇਸ ਵੇਲੇ ਪੰਜਾਬ ਦਾ ਮੁੱਖ ਮਸਲਾ ਹੈ, ਇਸ ਲਈ ਵਾਰ-ਵਾਰ ਇਸਦੀ ਗੱਲ ਕਰਨੀ ਬਣਦੀ ਹੈ। ਧਰਮ ਦਾ ਵਰਤਾਰਾ ਮਾਨਵੀ ਕਦਰਾਂ-ਕੀਮਤਾਂ ਨਾਲ ਜੁੜਿਆ ਹੋਇਆ ਮੰਨਿਆ ਜਾਂਦਾ ਹੈ। ਧਰਮ ਦਾ ਫਲਸਫਾ ਜਿਹੜਾ ਰੱਬ ਦੇ ਭਾਣੇ ਨੂੰ ਮੰਨਣ ਨਾਲ ਸਬੰਧ ਰੱਖਦਾ ਹੈ, ਮਨੁੱਖ ਨੂੰ ਦੁੱਖ-ਸੁੱਖ ਦਾ ਮੁਕਾਬਲਾ ਕਰਨ ਲਈ ਸ਼ਕਤੀ ਦੇਂਦਾ ਹੈ ਅਤੇ ਦੁੱਖ-ਸੁੱਖ ਮਨੁੱਖ ਦੀ ਜ਼ਿੰਦਗੀ ਵਿਚ ਬਹੁਤ ਹਨ। ਇਹ ਧਰਮ ਦੀ ਹਾਂ-ਪੱਖੀ ਭੂਮਿਕਾ ਹੈ। ਪਰ ਅਮਲ ਵਿਚ ਬਹੁਤ ਕੁੱਝ ਨਾਂਹ-ਪੱਖੀ ਗੁਣ ਵੀ ਵੇਖਣ ਨੂੰ ਮਿਲਦੇ ਹਨ ਜੋ ਮਨੁੱਖੀ ਭਾਈਚਾਰੇ ਲਈ ਖਾਹਮਖਾਹ ਦੁੱਖ ਦਾ ਕਾਰਨ ਬਣਦੇ ਹਨ। ਇਨ੍ਹਾਂ ਦਾ ਵੱਡਾ ਕਾਰਨ ਹੈ ਕਿ ਹਰ ਧਰਮ ਦੇ ਧਾਰਨੀ ਇਹੀ ਸਮਝਦੇ ਹਨ ਕਿ ਉਨ੍ਹਾਂ ਧਰਮ ਹੀ ਸਭ ਤੋਂ ਉੱਚਾ ਸੁੱਚਾ ਹੈ ਜਿਸ ਤਰ੍ਹਾਂ ਹਰ ਡੇਰੇ ਵਾਲੇ ਇਹੀ ਸਮਝਦੇ ਹਨ ਕਿ ਉਨ੍ਹਾਂ ਦੇ ਬਾਬੇ ਕੋਲ ਹੀ ਜ਼ਿੰਦਗੀ ਦਾ ਸੱਚ ਹੈ ਜਾਂ ਉਨ੍ਹਾਂ ਦਾ ਮੁਖੀ ਹੀ ਰੱਬ ਨੂੰ ਪਹੁੰਚਿਆ ਹੋਇਆ ਹੈ ਅਤੇ ਬਾਕੀ ਹਾਲੀ ਸਾਰੇ ਭਟਕ ਰਹੇ ਹਨ। ਧਰਮ ਬਾਰੇ ਇਹ ਸ਼ਾਵਨਵਾਦੀ ਸੋਚ ਜਾਂ ਕਹਿ ਲਵੋ ਫੂਕਵਾਲੀ ਸੋਚ ਸਾਰੇ ਪੁਆੜੇ ਦੀ ਜੜ੍ਹ ਹੈ।

ਅੱਜ ਤੋਂ 60 ਸਾਲ ਪਹਿਲਾਂ ਇਕਬਾਲ ਨੇ ਆਪਣੀ ਪ੍ਰਸਿੱਧ ਨਜ਼ਮ ਵਿਚ ਕਿਹਾ ਸੀ 'ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰੱਖਨਾ, ਹਿੰਦੀ ਹੈਂ ਹਮ ਵਤਨ ਹੈ ਹਿੰਦੋਸਤਾਂ ਹਮਾਰਾ',-ਪਰ ਵੇਖਣ ਵਿਚ ਇਹੀ ਆਇਆ ਹੈ ਕਿ ਮਜ਼ਹਬ ਹੀ ਦੂਜਿਆਂ ਨਾਲ ਵੈਰ ਦੀ ਜੜ੍ਹ ਹੈ। ਹਿੰਦੋਸਤਾਨ ਦਾ 60 ਸਾਲਾਂ ਦਾ ਇਤਿਹਾਸ ਇਹਦੀ ਗਵਾਹੀ ਹੈ ਕਿ ਅਸੀਂ ਅਜੇ ਸਹੀ ਅਰਥਾਂ ਵਿਚ ਹਿੰਦੋਸਤਾਨੀ ਨਹੀਂ ਬਣ ਸਕੇ। ਇਸ ਸਚਾਈ ਨੂੰ ਜਿੰਨੀ ਜਲਦੀ ਸਵੀਕਾਰ ਕਰ ਲਈਏ, ਚੰਗਾ ਹੈ। ਮਜ਼ਹਬ ਜਾਂ ਧਰਮ ਦੀ ਪ੍ਵਿੱਤਰਤਾ ਬਾਰੇ ਪੁਨਰ-ਵਿਚਾਰ ਦੀ ਲੋੜ ਹੈ।

ਅੱਗੋਂ ਧਰਮ ਜਦੋਂ ਅੱਜ ਦੇ ਸਮੇਂ ਸਿਆਸਤ ਦਾ ਆਧਾਰ ਬਣਦਾ ਹੈ, ਉਹ ਬੰਦੇ ਨੂੰ ਹੋਰ ਤਰਕਹੀਣ ਬਣਾ ਦੇਂਦਾ ਹੈ। ਪੰਜਾਬ ਦੇ ਲੋਕਾਂ ਨੂੰ ਇਹਦੀ ਬਹੁਤ ਕੀਮਤ ਦੇਣੀ ਪਈ ਹੈ। 1947, 1984 ਸਭ ਧਰਮ ਅਤੇ ਸਿਆਸਤ ਦੇ ਰਲਗੱਡ ਦੀ ਦੇਣ ਹਨ। ਸੱਚ ਤਾਂ ਇਹ ਹੈ ਕਿ ਪੰਜਾਬ ਵਿਚ 1981 ਤੋਂ 1992 ਤੱਕ ਦਾ ਸਾਰਾ ਸੰਤਾਪ ਦਾ ਸਮਾਂ ਇਸੇ ਰਲਗੱਡ ਦੀ ਦੇਣ ਸੀ। ਅਕਾਲ ਤਖ਼ਤ ਦੀ ਮਰਿਯਾਦਾ ਪਵਿੱਤਰ ਹੈ, ਇਹ ਪਵਿੱਤਰ ਹੀ ਰਹਿਣੀ ਚਾਹੀਦੀ ਹੈ। ਇਹਦੀ ਪਵਿੱਤਰਤਾ ਤੇ ਹੁਣ ਇਹਦੇ ਪੈਰੋਕਾਰਾਂ ਨੇ ਹੀ ਕਿੰਤੂ ਲਗਾ ਦਿੱਤਾ ਹੈ। ਕਾਰਨ ਫੇਰ ਧਰਮ ਅਤੇ ਸਿਆਸਤ ਦਾ ਰਲਗੱਡ ਹੋਣਾ ਹੈ।

ਸਿੱਖ ਭਾਈਚਾਰੇ ਨੂੰ ਪਿਛਲੇ 50 ਸਾਲਾਂ ਤੋਂ ਹਮੇਸ਼ਾ ਇਹੀ ਸ਼ਿਕਾਇਤ ਰਹੀ ਹੈ ਕਿ ਦਿੱਲੀ ਦੀ ਸਰਕਾਰ ਪੰਥ ਦੀ ਦੁਸ਼ਮਣ ਹੈ। ਪਰ ਉਨ੍ਹਾਂ ਨੇ ਆਪਣੀ ਧਰਮ-ਆਧਾਰਤ ਸਿਆਸਤ ਉੱਤੇ ਕਦੀ ਪੜਚੋਲਵੀਂ ਨਜ਼ਰਸਾਨੀ ਨਹੀਂ ਕੀਤੀ। ਬਸ ਇਹ ਧਾਰਨਾ ਬਣਾ ਲਈ ਕਿ ਸਿੱਖਾਂ ਦਾ ਧਰਮ ਅਤੇ ਸਿਆਸਤ ਮੁੱਢ ਤੋਂ ਹੀ ਇਕੱਲੇ ਚਲਦੇ ਰਹੇ ਹਨ ਤੇ ਹੁਣ ਵੀ ਚਲਣਗੇ। ਜ਼ਮਾਨਾ ਕਿੱਥੇ ਪੁੱਜ ਗਿਆ ਹੈ, ਉਹਦੀ ਕੋਈ ਪਰਵਾਹ ਨਹੀਂ। ਉਹਨਾਂ ਕਦੀ ਨਹੀਂ ਸੋਚਿਆ ਕਿ ਸ੍. ਸਵਰਨ ਸਿੰਘ, ਸ੍. ਹੁਕਮ ਸਿੰਘ, ਗਿਆਨੀ ਕਰਤਾਰ ਸਿੰਘ ਵਰਗੇ ਵੱਡੇ ਅਕਾਲੀ ਲੀਡਰਾਂ ਨੇ ਪੰਥਕ ਥੜੇ ਨੂੰ ਛੱਡਕੇ ਹੋਰਨਾਂ ਥੜਿਆਂ ਵਿਚ ਵਿਚਰਨਾ ਬੇਹਤਰ ਕਿਉਂ ਸਮਝਿਆ? ਇਹ ਅੱਜ ਦੀਆਂ ਹਕੀਕਤਾਂ ਦਾ ਤਕਾਜ਼ਾ ਹੈ। ਆਪਣੀ ਸਿਆਸਤ ਨੂੰ ਦਰਬਾਰ ਸਾਹਿਬ ਦੀ ਪ੍ਰਕਰਮਾ ਤੱਕ ਮਹਿਦੂਦ ਰੱਖਣਾ ਕੋਈ ਸਿਆਸਤ ਨਹੀਂ। ਹੁਣ ਤਾਂ ਵਾਜਪਾਈ, ਬਾਦਲ ਅਤੇ ਟੌਹੜਾ ਨੂੰ ਨਹੀਂ ਲੜਾਉਂਦਾ। ਜੇ ਫੇਰ ਵੀ ਸੰਕਟ ਹੈ ਤਾਂ ਇਹਦਾ ਇਕੋ ਤੇ ਇਕੋ ਕਾਰਨ ਅਕਾਲੀਆਂ ਦੀ ਧਰਮ-ਆਧਾਰਤ ਸਿਆਸਤ ਹੈ। ਸਿੱਖ ਬੁੱਧੀਜੀਵੀ ਹਲਕਿਆਂ ਵਿਚ ਇਕ ਫਿਕਰ ਸਿੱਖਾਂ ਦੀ ਵੱਖਰੀ ਪਹਿਚਾਣ ਦਾ ਹੈ। ਇਹ ਫਿਕਰ ਧਾਰਮਿਕ ਪਹਿਚਾਣ ਤੱਕ ਮਹਿਦੂਦ ਰਹੇ ਤਾਂ ਹੀ ਇਹ ਸਮੇਂ ਦੇ ਅਨਕੂਲ ਹੈ। ਧਾਰਮਕ ਦਾਇਰੇ ਦੇ ਬਾਹਰ ਅੱਜ ਸਾਧਾਰਨ ਸਿੱਖ, ਹਿੰਦੂ, ਮੁਸਲਮਾਨ, ਈਸਾਈ ਵਿਚ ਕੋਈ ਫਰਕ ਨਹੀਂ। ਉਹਦੇ ਵਿਚ ਦੂਜਿਆਂ ਵਾਂਗ ਹੀ ਖੂਬੀਆਂ-ਖਾਮੀਆਂ ਹਨ। ਉਹ ਦੂਜਿਆਂ ਵਾਂਗ ਹੀ ਨੇਕ ਅਤੇ ਕਮੀਨਾ ਹੈ। ਬੇਈਮਾਨ ਵੀ ਹੈ, ਝੂਠਾ ਵੀ ਹੈ, ਸਵਾਰਥੀ ਵੀ ਹੈ। ਇਹ ਵੱਖਰੀ ਪਹਿਚਾਣ ਜੇਕਰ ਉਸ ਨੂੰ ਚੰਗਾ ਮਨੁੱਖ ਬਣਾ ਦੇਵੇ ਤਾਂ ਇਸ ਪਹਿਚਾਣ ਦੀ ਕੋਈ ਤੁੱਕ ਹੋਵੇਗੀ ਪਰ ਸਮਾਜਕ ਅਸਲੀਅਤਾਂ ਤਾਂ ਹੋਰ ਹਨ। ਇਸ ਸਚਾਈ ਨੂੰ ਸਵੀਕਾਰ ਕਰਨਾ ਬਣਦਾ ਹੈ। ਵੱਖਰੀ ਪਹਿਚਾਣ ਨੂੰ ਇਕ ਰਾਜਸੀ ਮੁੱਦਾ ਬਣਾਉਣਾ ਸਿਰੇ ਤੋਂ ਹੀ ਗ਼ਲਤ ਹੈ।

ਅੱਜ ਦਾ ਸਮਾਂ ਗੁਰੂ ਹਰਗੋਬਿੰਦ ਸਾਹਿਬ ਦਾ ਨਹੀਂ ਅਤੇ ਨਾ ਹੀ ਜਥੇਦਾਰ ਰਣਜੀਤ ਸਿੰਘ ਜਾਂ ਗਿਆਨੀ ਪੂਰਨ ਸਿੰਘ ਹੋਰਾਂ ਦੀ ਬਾਬਾ ਬੁੱਢਾ ਜੀ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਸਿੱਖ ਭਾਈਚਾਰਾ ਜਿੰਨੀ ਜਲਦੀ ਇਹ ਅਹਿਸਾਸ ਕਰ ਲਵੇ, ਚੰਗਾ ਹੈ। ਐਵੇਂ ਨਾ ਖਾਹਮਖਾਹ ਹਰ ਦੂਜੇ ਚੌਥੇ ਸਾਲ ਆਪਣੇ-ਆਪ ਨੂੰ ਸੰਕਟ ਵਿਚ ਘਿਰਿਆ ਮਹਿਸੂਸ ਕਰੇ।

ਪੰਜਾਬ ਨੇ ਪਹਿਲਾਂ ਵੀ ਬਹੁਤ ਨੁਕਸਾਨ ਉਠਾਇਆ ਹੈ, ਹੁਣ ਵੀ ਉਠਾ ਰਿਹਾ ਹੈ ਅਤੇ ਭਵਿੱਖ ਵਿਚ ਵੀ ਉਠਾਏਗਾ, ਜੇਕਰ ਇਸ ਗਲਤ ਸਿਆਸਤ ਤੋਂ ਨਿਜਾਤ ਨਹੀਂ ਪਾਉਂਦਾ। ਪੰਜਾਬ ਨੂੰ ਲੋੜ ਹੈ ਤਾਂ ਚੰਗੇ ਸਰਕਾਰੀ ਪ੍ਰਬੰਧ ਦੀ ਲੋੜ ਹੈ। ਅਸਲੀ ਮੁੱਦਿਆਂ ਨੂੰ ਸੰਬੋਧਨ ਹੋਣ ਦੀ ਲੋੜ ਹੈ ਤੇ ਇਨ੍ਹਾਂ ਗੱਲਾਂ ਦਾ ਧਰਮ ਨਾਲ ਕੋਈ ਸਬੰਧ ਨਹੀਂ। ਆਪਣੇ ਆਪਣੇ ਦਾਇਰੇ ਹਨ। ਖਾਲਸਾ ਸਾਜਨਾ ਪੁਰਬ ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਦਾਇਰਾ ਹੈ। ਸਿੱਖ ਪਹਿਚਾਣ ਦਾ ਫਿਕਰ ਸਿੱਖ ਅਦਾਰੇ ਕਰਨ। ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਧਰਮ ਪ੍ਰਚਾਰ ਦੇ ਬੜੇ ਸਾਧਨ ਹਨ। ਚੀਫ ਖਾਲਸਾ ਦੀਵਾਨ ਆਪਣੇ ਆਪ ਵਿਚ ਇਕ ਵੱਡੀ ਸੰਸਥਾ ਹੈ। ਵੱਡੇ ਵਿਦਿਅਕ ਅਦਾਰੇ ਉਹਦੀ ਦੇਖ-ਰੇਖ ਵਿਚ ਚਲ ਰਹੇ ਹਨ। ਦੱਬ ਕੇ ਸਿੱਖੀ ਦਾ ਪ੍ਰਚਾਰ ਕਰਨ। ਕਿਸੇ ਨੂੰ ਕੀ ਇਤਰਾਜ਼ ਹੈ? ਦੇਸ਼-ਵਿਦੇਸ਼ਾਂ ਵਿਚ ਬੜੇ ਅਦਾਰੇ ਹਨ। ਖੂਬ ਪ੍ਰਚਾਰ ਕਰਨ। ਸਰਕਾਰ ਧਾਰਮਕ ਮਸਲਿਆਂ ਵਿਚ ਉਲਝਣ ਦੀ ਥਾਂ ਆਪਣੇ ਦਾਇਰੇ ਵਿਚ ਰਹਿਕੇ ਲੋਕਾਂ ਨੂੰ ਰਾਹਤ ਦੇਵੇ। ਇਹੀ ਸਮੇਂ ਦੀ ਲੋੜ ਹੈ ਅਤੇ ਇਹੀ ਸਰਕਾਰ ਦਾ ਫਰਜ਼ ਹੈ।